**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀ.ਐਸ.ਬੀ.ਆਈ.ਟੀ/2017/2824          ਮਿਤੀ 31.10.2017

ਵੱਲ:

ਪ੍ਰਿੰਸੀਪਲ
ਸਮੂਹ ਸਰਕਾਰੀ ਅਤੇ ਗੈਰ ਸਰਕਾਰੀ
ਆਈ.ਟੀ.ਆਈ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ
ਪੰਜਾਬ।

ਵਿਸ਼ਾ: ਰਾਜ ਦੀਆਂ ਸਮੂਹ ਸਰਕਾਰੀ/ਗੈਰ ਸਰਕਾਰੀ ਆਈ.ਟੀ.ਆਈ. ਆਈ.ਟੀ.ਆਈ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ ਵਿੱਚ ਸੀ.ਸੀ.ਟੀ.ਵੀ ਕੈਮਰੇਆਂ ਦੀ ਇੰਸਟਾਲੇਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਚੇਅਰਮੈਨ ਸਾਹਿਬ ਜੀ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ ਵੱਲੋਂ ਰਾਜ ਅਧੀਨ ਚਲ ਰਹੀਆਂ ਸੰਸਥਾਵਾਂ ਨੂੰ ਹੇਠ ਦੱਸੇ ਅਨੁਸਾਰ ਹਦਾਇਤਾਂ ਜਾਰੀ ਕਰਨ ਦੇ ਹੁਕਮ ਹੋਏ ਹਨ:

1. ਸੰਸਥਾਵਾਂ ਵਿਖੇ ਪ੍ਰੀਖਿਆ ਨਾਲ ਸਬੰਧਤ ਗਤੀਵਿਧਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀ.ਸੀ.ਟੀ.ਵੀ ਕੈਮਰੇ ਲੱਗੇ ਹੋਣੇ ਜਰੂਰੀ ਹਨ ਅਤੇ ਉਹਨਾਂ ਸੀ.ਸੀ.ਟੀ.ਵੀ ਕੈਮਰਿਆਂ ਦੀ ਚਾਲੂ ਹਾਲਤ ਹੋਣਾ ਯਕੀਨੀ ਬਣਾਇਆ ਜਾਵੇ।

2. ਸੰਸਥਾਵਾਂ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਬੋਰਡ ਦਫਤਰ ਨੂੰ ਨਿਜੀ ਤੋਰ ਤੇ ਜਾਂ ਈ.ਮੇਲ ਪ੍ਰਣਾਲੀ ਰਾਹੀਂ ਭੇਜਣ ਸਮੇਂ ਸਬੰਧਤ ਸੰਸਥਾ ਅੰਡਰਟੇਕਿੰਗ ਦੇਣਗੀਆਂ ਕਿ ਉਸ ਸੰਸਥਾ ਵਿੱਚ ਜਿੱਥੇ ਪ੍ਰੀਖਿਆ ਲਈ ਜਾਣੀ ਹੈ, ਵਿੱਚ ਲੱਗੇ ਹੋਏ ਸਾਰੇ ਸੀ.ਸੀ.ਟੀ.ਵੀ ਕੈਮਰੇ ਚਾਲੂ ਹਾਲਤ ਵਿੱਚ ਹਨ।

3. ਸਮੂਹ ਸੰਸਥਾਵਾਂ ਵਿਖੇ ਬੋਰਡ ਵੱਲੋਂ ਜਿਹੜੀ ਵੀ ਪ੍ਰੀਖਿਆਵਾਂ ਹੋਣਗੀਆਂ ਉਹ ਉਪਰੋਕਤ ਦਰਸਾਏ ਨੁਕਤਿਆਂ ਅਨੁਸਾਰ ਸੀ.ਸੀ.ਟੀ.ਵੀ ਕੈਮਰੇ ਰਾਹੀ ਕਵਰ ਹੋਣੀਆ ਜਰੂਰੀ ਹਨ। ਜਿਸ ਨੂੰ ਬੋਰਡ ਵੱਲੋ ਸਥਾਪਿਤ ਕੀਤੇ ਜਾਣ ਵਾਲੇ ਨੋਡਲ ਸੈਂਟਰਾਂ ਰਾਹੀਂ ਮੋਨੀਟਰ ਕੀਤਾ ਜਾਵੇਗਾ। ਜਰੂਰਤ ਪੈਣ ਤੇ ਇਹਨਾਂ ਨੋਡਲ ਸੈਂਟਰਾਂ ਦੀ ਗਿਣਤੀ ਵਧਾਈ ਵੀ ਜਾ ਸਕਦੀ ਹੈ ਅਤੇ ਇਸ ਕਾਰਜ ਲਈ ਬੋਰਡ ਦਫਤਰ ਵਿਖੇ ਇਕ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਜਾਵੇਗਾ, ਜਿਸ ਵਿੱਚ ਜੇਕਰ ਕੋਈ ਸਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਸਬੰਧੀ ਬਣਦੀ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

ਹੋਏ ਹੁਕਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

31.10.17
ਕੰਟਰੋਲਰ ਪ੍ਰੀਖਿਆਵਾਂ ਆਈ.ਟੀ. ਆਈ.
ਵਾ: ਸਕੱਤਰ

ਉਪਰੋਕਤ ਦਾ ਇਕ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ ਜੀ;

1. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
2. ਪੀ.ਏ/ ਚੇਅਰਮੈਨ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ
3. ਪੀ.ਏ/ਸਕੱਤਰ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ.
4. ਐਡਮਿਨ ਅਫਸਰ, ਪੀ.ਐਸ.ਬੀ.ਟੀ.ਈ ਐਂਡ ਆਈ.ਟੀ.

ਕੰਟਰੋਲਰ ਪ੍ਰੀਖਿਆਵਾਂ ਆਈ.ਟੀ. ਆਈ.
ਵਾ: ਸਕੱਤਰ